ਬੀ ਸੀ ਦੀ ਘੱਟੋ ਘੱਟ ਤਨਖਾਹ

# ਤੱਥ

**$10.25**

**ਪ੍ਰਤੀ ਘੰਟਾ ਬੀ ਸੀ ਦੇ ਬਹੁਤ ਸਾਰੇ ਵਰਕਰਾਂ ਨੂੰ ਗਰੀਬੀ ਵਿਚ ਰੱਖ ਰਿਹਾ ਹੈ। ਬੀ ਸੀ ਦੀ ਘੱਟੋ ਘੱਟ ਤਨਖਾਹ ਨੂੰ**

**$15**

**ਕਰਵਾਉਣ ਲਈ ਘੋਲ ਵਿਚ ਸ਼ਾਮਲ ਹੋਵੋ।**

ਬੀ ਸੀ ਦੀ ਘੱਟੋ ਘੱਟ ਤਨਖਾਹ ’ਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਤਨਖਾਹ ਵਿਚ ਵਾਧਾ ਮਿਲੇ ਨੂੰ ਹੁਣ ਢਾਈ ਨਾਲੋਂ ਜ਼ਿਆਦਾ ਸਾਲ ਹੋ ਗਏ ਹਨ। ਬੀ ਸੀ ਦੀ ਘੱਟੋ ਘੱਟ ਤਨਖਾਹ ਯੋਜਨਾ-ਰਹਿਤ ਤਰੀਕੇ ਨਾਲ ਤਹਿ ਕੀਤੀ ਜਾਂਦੀ ਹੈ ਅਤੇ ਇਸ ’ਤੇ ਨੇਮ ਨਾਲ ਵਿਚਾਰ ਕਰਨ ਦੀ ਕੋਈ ਗਾਰੰਟੀ ਨਹੀਂ ਹੈ।

ਬੀ ਸੀ ਦੀ ਘੱਟੋ ਘੱਟ ਤਨਖਾਹ ਕੈਨੇਡਾ ਵਿਚ ਅੱਠਵੇਂ ਨੰਬਰ ’ਤੇ ਹੈ ਜੋ ਕਿ ਓਨਟੇਰੀਓ, ਨੂਨਾਵੱਟ, ਯੂਕੋਨ, ਮੈਨੀਟੋਬਾ, ਨੋਵਾ ਸਕੋਸ਼ੀਆ, ਕਿਊਬੈਕ ਅਤੇ ਪ੍ਰਿੰਸ ਐਡਵਰਡ ਆਈਲੈਂਡ ਤੋਂ ਘੱਟ ਹੈ, ਇਸ ਗੱਲ ਦੇ ਬਾਵਜੂਦ ਵੀ ਕਿ ਬੀ ਸੀ ਵਿਚ ਰਹਿਣ-ਸਹਿਣ ਦਾ ਖਰਚਾ ਸਟੈਟਿਸਟਿਕਸ ਕੈਨੇਡਾ ਮੁਤਾਬਕ ਦੇਸ਼ ਵਿਚ ਸਭ ਤੋਂ ਜ਼ਿਆਦਾ ਹੈ।

ਬੀ ਸੀ ਦੇ ਕੁਝ ਵਰਕਰਾਂ ਨੂੰ ਤਾਂ ਘੱਟੋ ਘੱਟ ਤਨਖਾਹ ਦੀ ਗਾਰੰਟੀ ਵੀ ਨਹੀਂ ਦਿੱਤੀ ਜਾਂਦੀ। ਫਾਰਮ ਵਰਕਰਾਂ ਨੂੰ ਉੱਕਾ ਪੁੱਕਾ ਰੇਟ ਦਿੱਤਾ ਜਾਂਦਾ ਹੈ ਅਤੇ ਸ਼ਰਾਬ ਵਰਤਾਉਣ ਵਾਲਿਆਂ ਨੂੰ ਪ੍ਰਤੀ ਘੰਟਾ $9 ਡਾਲਰ ਤੱਕ ਵੀ ਦਿੱਤੇ ਜਾ ਸਕਦੇ ਹਨ।

## ਘੱਟੋ ਘੱਟ ਤਨਖਾਹ ਕਿਸ ਨੂੰ ਮਿਲਦੀ ਹੈ?




ਬੀ ਸੀ ਵਿਚ, 6.4 ਪ੍ਰਤੀਸ਼ਤ ਵਰਕਰ ਸਿਰਫ ਘੱਟੋ ਘੱਟ ਤਨਖਾਹ ’ਤੇ ਕੰਮ ਕਰਦੇ ਹਨ। ਇਹ ਕੰਮ ਕਰਦੇ 120,400 ਲੋਕ ਹਨ।

ਬੀ ਸੀ ਦੀ ਘੱਟੋ ਘੱਟ ਤਨਖਾਹ ਲੈਣ ਵਾਲੇ ਸਿਰਫ ਘੱਟ ਉਮਰ ਦੇ ਜਵਾਨ ਲੋਕ ਹੀ ਨਹੀਂ ਹਨ। ਸਚਾਈ ਤਾਂ ਇਹ ਹੈ ਕਿ 47 ਪ੍ਰਤੀਸ਼ਤ 25 ਸਾਲ ਜਾਂ ਜ਼ਿਆਦਾ ਉਮਰ ਦੇ ਹਨ। ਤਕਰੀਬਨ 10,000 ਦੀ ਉਮਰ 55 ਸਾਲ ਤੋਂ ਉੱਪਰ ਹੈ।

ਘੱਟ ਤਨਖਾਹ ਲੈਣ ਵਾਲੇ ਵਰਕਰ ਮੁੱਖ ਤੌਰ ’ਤੇ ਔਰਤਾਂ ਹਨ। ਘੱਟੋ ਘੱਟ ਤਨਖਾਹ ਕਮਾਉਣ ਵਾਲੇ ਤਕਰੀਬਨ ਦੋ ਤਿਹਾਈ (63 ਪ੍ਰਤੀਸ਼ਤ) ਵਰਕਰ ਔਰਤਾਂ ਹਨ।




ਘੱਟੋ ਘੱਟ ਤਨਖਾਹ ਲੈਣ ਵਾਲੇ ਸਾਰੇ ਵਰਕਰ ਆਪਣੇ ਕੰਮ ਲਈ ਨਵੇਂ ਨਹੀਂ ਹਨ: 55 ਪ੍ਰਤੀਸ਼ਤ ਨੇ ਆਪਣੇ ਕੰਮਾਂ ’ਤੇ ਘੱਟੋ ਘੱਟ ਇਕ ਸਾਲ ਕੰਮ ਕੀਤਾ ਹੈ।

ਡਿਗਰੀਆਂ ਵਾਲੇ ਲੋਕਾਂ ਨੂੰ ਵੀ, ਬੀ ਸੀ ਵਿਚ ਵਾਜਬ ਤਨਖਾਹਾਂ ’ਤੇ ਕੰਮ ਲੱਭਣ ਲਈ ਜੱਦੋਜਹਿਦ ਕਰਨੀ ਪੈ ਰਹੀ ਹੈ: ਘੱਟੋ ਘੱਟ ਤਨਖਾਹ ’ਤੇ ਕੰਮ ਕਰਦੇ ਵਰਕਰਾਂ ਵਿੱਚੋਂ 14 ਪ੍ਰਤੀਸ਼ਤ ਯੂਨੀਵਰਸਿਟੀ ਦੀ ਕਿਸੇ ਡਿਗਰੀ ਵਾਲੇ ਹਨ।

ਅਤੇ ਇਹ ਛੋਟੀਆਂ ਮੋਟੀਆਂ ਦੁਕਾਨਾਂ ਹੀ ਨਹੀਂ ਹਨ ਜਿਹੜੀਆਂ ਘੱਟੋ ਘੱਟ ਤਨਖਾਹ ਦਿੰਦੀਆਂ ਹਨ: 46 ਪ੍ਰਤੀਸ਼ਤ ਉਨ੍ਹਾਂ ਕੰਮ-ਮਾਲਕਾਂ ਲਈ ਕੰਮ ਕਰਦੇ ਹਨ ਜਿਨ੍ਹਾਂ ਕੋਲ 500 ਨਾਲੋਂ ਜ਼ਿਆਦਾ ਮੁਲਾਜ਼ਮ ਹਨ।

FIGHT FOR 15

BCFED
BC Federation of Labour
November 2014
[Punjabi]

# ਘੱਟੋ ਘੱਟ ਤਨਖਾਹ ਵਧਾਉ

# ਇਹ ਹੀ ਵਾਜਬ ਹੈ

BCFED




ਘੱਟੋ ਘੱਟ ਤਨਖਾਹ 'ਤੇ ਕੰਮ ਕਰਦੇ ਵਰਕਰ
**ਸਾਰੇ ਕੰਮ 'ਤੇ ਨਵੇਂ ਨਹੀਂ ਹਨ।**
ਬਹੁਗਿਣਤੀ ਨੇ ਆਪਣੇ ਕੰਮਾਂ 'ਤੇ ਘੱਟੋ ਘੱਟ
ਇਕ ਸਾਲ ਕੰਮ ਕੀਤਾ ਹੈ।

## ਬੀ ਸੀ ਦੇ ਵਰਕਰਾਂ ਲਈ $15 ਦਾ ਕੀ ਮਤਲਬ ਹੋਵੇਗਾ?

ਕੰਮ ਨੂੰ ਤੁਹਾਨੂੰ ਗਰੀਬੀ ਵਿੱਚੋਂ ਕੱਢਣਾ ਚਾਹੀਦਾ ਹੈ।

ਜੇ $15 ਤਨਖਾਹ ਪ੍ਰਾਪਤ ਕਰ ਲਈ ਜਾਂਦੀ ਹੈ ਤਾਂ ਇਹ ਬੀ ਸੀ ਦੇ ਵਰਕਰਾਂ ਨੂੰ ਸਟੈਟਿਸਟਿਕਸ ਕੈਨੇਡਾ ਦੀ ਘੱਟ ਆਮਦਨ ਦੀ ਹੇਠਲੀ ਰੇਖਾ ਤੋਂ 10 ਪ੍ਰਤੀਸ਼ਤ ਉੱਪਰ ਕਰ ਦੇਵੇਗੀ ਅਤੇ ਉਨ੍ਹਾਂ ਨੂੰ ਆਪਣੀਆਂ ਸਭ ਤੋਂ ਮੁਢਲੀਆਂ ਲੋੜਾਂ ਦਾ ਖਰਚਾ ਕਵਰ ਕਰਨ ਲਈ ਇਕ ਬਿਹਤਰ ਮੌਕਾ ਦੇਵੇਗੀ।

ਇਹ ਇਕ ਅਜਿਹੇ ਸੂਬੇ ਵਿਚ ਆਮਦਨ ਦੀ ਵਧ ਰਹੀ ਨਾਬਰਾਬਰੀ ਦੇ ਰੁਝਾਨ ਨੂੰ ਰੋਕਣ ਵਿਚ ਵੀ ਮਦਦ ਕਰੇਗੀ ਜਿੱਥੇ ਰਹਿਣ-ਸਹਿਣ ਦਾ ਖਰਚਾ ਕੈਨੇਡਾ ਵਿਚ ਸਭ ਨਾਲੋਂ ਜ਼ਿਆਦਾ ਹੈ।

ਇਹ ਸਮਾਂ ਹੈ ਕਿ ਬੀ ਸੀ ਸਰਕਾਰ ਘੱਟੋ ਘੱਟ ਤਨਖਾਹ ਵਧਾਏ ਤਾਂ ਜੋ ਕੋਈ ਵੀ ਪਿੱਛੇ ਨਾ ਰਹੇ।

**ਇਹ ਸਮਾਂ ਗਰੀਬੀ ਵਾਲੀਆਂ ਤਨਖਾਹਾਂ ਖਤਮ ਕਰਨ ਦਾ ਹੈ।**
**ਬੀ ਸੀ ਦੀ ਘੱਟੋ ਘੱਟ ਤਨਖਾਹ ਨੂੰ $15 ਕਰਨ ਵਿਚ ਮਦਦ ਕਰੋ।**
**fightfor15bc.ca 'ਤੇ ਮੁਹਿੰਮ ਵਿਚ ਸ਼ਾਮਲ ਹੋਵੋ।**

# FIGHT FOR 15

# ਮੈਨੂੰ ਵਿਚ ਗਿਣੋ



USW2009 cope 378 UNIFOR

T45130Punjabi_BCFED minimum wage fact sheet final.indd 2 13/01/2015 9:13:35 AM